ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ-2 ਸ਼ਾਖਾ)

ਸੇਵਾ ਵਿਖੇ,

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ,
ਚੰਡੀਗੜ੍ਹ।

ਮੀਮੋ ਨੰ: HFW-HLH2027A/45/2021-6H2/6640

ਮਿਤੀ; ਚੰਡੀਗੜ੍ਹ: 09/11/2021

ਵਿਸ਼ਾ:- 129 ਡਾਕਟਰ ਜੋ ਪੇਂਡੂ ਵਿਕਾਸ ਪੰਚਾਇਤ ਵਿਭਾਗ ਵਿੱਚੋਂ ਸਿਹਤ ਵਿਭਾਗ ਵਿੱਚ ਤਬਦੀਲ ਹੋਏ ਹਨ, ਉਨ੍ਹਾਂ ਨੂੰ ਪੀ.ਜੀ. ਕੋਰਸ ਕਰਨ ਲਈ ਬਤੌਰ ਆਰ.ਐਮ.ਓ. ਕੀਤੀ ਸੇਵਾ ਦਾ ਲਾਭ ਦੇਣ ਬਾਰੇ।

*****

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ: ਈ-4(3)ਮਿਸ:ਪੰਜਾਬ/2021/5558 ਮਿਤੀ 08.07.2021 ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਹਵਾਲਾ ਅਧੀਨ ਪੱਤਰ ਰਾਹੀਂ ਪ੍ਰਾਪਤ ਤਜਵੀਜ਼ ਨੂੰ ਸਮਰੱਥ ਅਥਾਰਟੀ ਦੇ ਪੱਧਰ ਤੇ ਵਿਚਾਰਦੇ ਹੋਏ 129 ਡਾਕਟਰ ਜੋ ਪੇਂਡੂ ਵਿਕਾਸ ਪੰਚਾਇਤ ਵਿਭਾਗ ਵਿੱਚੋਂ ਸਿਹਤ ਵਿਭਾਗ ਵਿੱਚ ਤਬਦੀਲ ਹੋਏ ਹਨ, ਨੂੰ ਪੀ.ਜੀ. ਕੋਰਸ ਕਰਨ ਲਈ ਬਤੌਰ ਆਰ.ਐਮ.ਓ. ਕੀਤੀ ਗਈ ਸੇਵਾ ਦਾ ਲਾਭ ਹੇਠ ਲਿਖਿਆਂ ਸ਼ਰਤਾਂ ਅਨੁਸਾਰ ਦੇਣ ਦਾ ਫੈਸਲਾ ਲਿਆ ਗਿਆ ਹੈ:-

1. ਕਿਉਂਜੋ 129 ਡਾਕਟਰਾਂ ਨੂੰ ਸਿਹਤ ਵਿਭਾਗ ਵਿੱਚ ਮਰਜ ਕਰਨ ਵੇਲੇ ਵੱਖਰੇ ਤੌਰ ਤੇ ਪਰਖਕਾਲ ਸਮੇਂ ਦੀ ਕੋਈ ਸ਼ਰਤ ਨਹੀਂ ਲਗਾਈ ਗਈ ਹੈ, ਇਸ ਲਈ ਇਨ੍ਹਾਂ ਡਾਕਟਰਾਂ ਦਾ ਬਤੌਰ ਰੂਰਲ ਮੈਡੀਕਲ ਅਫਸਰ ਪਾਰ ਕੀਤਾ ਗਿਆ ਪਰਖ ਕਾਲ ਹੀ ਉਕਤ ਲਾਭ ਲਈ ਮੰਨਿਆ ਜਾਵੇਗਾ।
2. 129 ਡਾਕਟਰ ਜੋ ਪੇਂਡੂ ਵਿਕਾਸ ਪੰਚਾਇਤ ਵਿਭਾਗ ਵਿੱਚੋਂ ਸਿਹਤ ਵਿਭਾਗ ਵਿੱਚ ਤਬਦੀਲ ਹੋਏ ਹਨ, ਨੂੰ ਪੀ.ਜੀ. ਕੋਰਸ ਕਰਨ ਲਈ ਬਤੌਰ ਆਰ.ਐਮ.ਓ. ਕੀਤੀ ਗਈ ਸੇਵਾ ਨੂੰ ਗਿਣਦੇ ਹੋਏ ਉਕਤ ਤੋਂ ਇਲਾਵਾ ਪੀ.ਜੀ. ਕੋਰਸ ਲਈ ਇੰਨਸੈਂਟਿਵ ਕੈਟਾਗਰੀ ਦਾ ਲਾਭ ਇਸ ਸ਼ਰਤ ਤੇ ਦਿੱਤਾ ਜਾਵੇਗਾ ਕਿ ਇਨ੍ਹਾਂ ਡਾਕਟਰਾਂ ਨੂੰ ਪੀ.ਜੀ. ਕੋਰਸ ਕਰਨ ਸਬੰਧੀ ਵਿਭਾਗ ਦੀਆਂ ਜਾਰੀ ਹਦਾਇਤਾਂ ਮਿਤੀ 25.06.2019 ਅਨੁਸਾਰ ਹੀ ਵਿਚਾਰਿਆ ਜਾਵੇਗਾ।
3. 129 ਡਾਕਟਰ ਜੋ ਪੇਂਡੂ ਵਿਕਾਸ ਪੰਚਾਇਤ ਵਿਭਾਗ ਵਿੱਚੋਂ ਸਿਹਤ ਵਿਭਾਗ ਵਿੱਚ ਤਬਦੀਲ ਹੋਏ ਹਨ, ਨੂੰ ਪੀ.ਜੀ. ਕੋਰਸ ਕਰਨ ਲਈ ਬਤੌਰ ਆਰ.ਐਮ.ਓ. ਕੀਤੀ ਗਈ ਸੇਵਾ ਨੂੰ ਗਿਣਦੇ ਹੋਏ ਉਕਤ ਤੋਂ ਇਲਾਵਾ ਪੀ.ਜੀ. ਕੋਰਸ ਲਈ ਇੰਨਸੈਂਟਿਵ ਕੈਟਾਗਰੀ ਦਾ ਲਾਭ ਇਸ ਸ਼ਰਤ ਤੇ ਦਿੱਤਾ ਜਾਵੇਗਾ ਕਿ ਇਹ ਡਾਕਟਰ ਇਸ ਦਿੱਤੇ ਗਏ ਲਾਭ ਦੀ ਪਲੀਹ ਲੈ ਕੇ ਬਤੌਰ ਰੂਰਲ ਮੈਡੀਕਲ ਅਫਸਰ ਕੀਤੀ ਸੇਵਾ ਸਬੰਧੀ ਹੋਰ ਕੋਈ ਲਾਭ ਦੀ ਮੰਗ ਨਹੀਂ ਕਰਨਗੇ।

ਸੁਪਰਡੰਟ